# Service and Information Update

28 ਜੂਨ, 2023

## ਹਰ ਪਾਸੇ ਪਿਆਰ ਦੀ ਮਹਿਕ ਹੈ! ਬ੍ਰੈਂਪਟਨ ਫਾਰਮਰਸ ਮਾਰਕੀਟ ਵਿਖੇ ਵਿਆਹ ਕਰੋ!

ਸਿਟੀ ਆਫ ਬ੍ਰੈਂਪਟਨ, ਇਸ ਗਰਮੀ ਸਿਰਫ ਤਿੰਨ ਸ਼ਨੀਵਾਰਾਂ ਨੂੰ ਸਿਵਿਲ ਵਿਆਹ ਸਮਾਰੋਹ ਪੇਸ਼ ਕਰ ਰਹੀ ਹੈ! ਕਈ ਲੋਕਾਂ ਦੀ ਬੇਨਤੀ ਦੇ ਨਾਲ ਇੱਕ ਵਾਰ ਫਿਰ ਵਿਆਹ ਸਮਾਰੋਹ ਆ ਗਿਆ ਹੈ, ਫਾਰਮਾਰਸ ਮਾਰਕੀਟ (Farmers' Market) ਦੇ ਦੌਰਾਨ, ਡਾਊਨਟਾਊਨ ਬ੍ਰੈਂਪਟਨ (Downtown Brampton) ਵਿੱਚ ਖੂਬਸੂਰਤ ਗੇਜ ਪਾਰਕ (Gage Park) ਵਿੱਚ, 350 ਡਾਲਰ (ਪਲਸ ਐਚ.ਐਸ.ਟੀ.) ਵਿੱਚ ਸਿਵਿਲ ਵਿਆਹ ਅਧਿਕਾਰੀ ਦੁਆਰਾ, ਵਿਆਹ ਦੀਆਂ ਕਸਮਾਂ ਖਾਓ ਅਤੇ ਵਿਆਹ ਕਰੋ।

ਸੀਮਿਤ ਥਾਵਾਂ ਉਪਲਬਧ ਹਨ:

- ਸ਼ਨੀਵਾਰ, 15 ਜੁਲਾਈ ਲਈ ਥਾਂ ਬੁੱਕ ਕਰਨ ਵਾਸਤੇ, 7 ਜੁਲਾਈ ਨੂੰ ਖੁਦ ਆ ਕੇ ਬੁੱਕ ਕਰੋ।
- ਸ਼ਨੀਵਾਰ, 26 ਅਗਸਤ ਲਈ ਥਾਂ ਬੁੱਕ ਕਰਨ ਵਾਸਤੇ, 18 ਅਗਸਤ ਨੂੰ ਖੁਦ ਆ ਕੇ ਬੁੱਕ ਕਰੋ।
- ਸ਼ਨੀਵਾਰ, 16 ਸਤੰਬਰ ਲਈ ਥਾਂ ਬੁੱਕ ਕਰਨ ਵਾਸਤੇ, 8 ਸਤੰਬਰ ਨੂੰ ਖੁਦ ਆ ਕੇ ਬੁੱਕ ਕਰੋ।

ਬੁਕਿੰਗ ਕਰਵਾਉਣ ਦੇ ਸਮੇਂ ਬੁਕਿੰਗਸ ਦਾ ਪੂਰਾ ਭੁਗਤਾਨ ਕੀਤਾ ਜਾਣਾ ਲਾਜ਼ਮੀ ਹੈ। ਬੁਕਿੰਗ ਦੇ ਸਮੇਂ, ਵਿਆਹ ਦਾ ਵੈਧ ਲਾਇਸੈਂਸ ਪੇਸ਼ ਕਰਨਾ ਜਾਂ ਖਰੀਦਣਾ ਲਾਜ਼ਮੀ ਹੈ (165 ਡਾਲਰ)। ਵਿਆਹ ਦਾ ਲਾਇਸੈਂਸ ਸਿਟੀ ਹਾਲ (City Hall) ਵਿਖੇ ਖੁਦ ਆ ਕੇ ਲਿਆ ਜਾ ਸਕਦਾ ਹੈ (ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:30 ਵਜੇ ਤੋਂ ਸ਼ਾਮ 4:00 ਵਜੇ ਤੱਕ)।

**ਵਿਆਹ ਦੇ ਲਾਇਸੈਂਸ**

ਆਪਣੇ ਵਿਆਹ ਦੀ ਯੋਜਨਾ ਬਣਾ ਰਹੇ ਹੋ? ਓਨਟੈਰੀਓ ਵਿੱਚ ਵਿਆਹ ਕਰਨ ਤੋਂ ਪਹਿਲਾਂ, ਤੁਹਾਡੇ ਲਈ ਵਿਆਹ ਦਾ ਲਾਇਸੈਂਸ ਲੈਣਾ ਲਾਜ਼ਮੀ ਹੈ। ਸਿਟੀ ਆਫ ਬ੍ਰੈਂਪਟਨ ਤੋਂ, ਵਿਆਹ ਦਾ ਲਾਇਸੈਂਸ (marriage licence) ਲੈਣ ਵਾਸਤੇ ਸ਼ਰਤਾਂ ਅਤੇ ਸਮਾਂ ਸੀਮਾਵਾਂ ਬਾਰੇ ਜਾਣਕਾਰੀ ਲਵੋ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca